NHS
Northumberland, Tyne and Wear
NHS Foundation Trust

# ਇਕ ਗੈਰ ਰਸਮੀ/ਸਵੈ-ਇਛੁੱਕ ਮਰੀਜ਼ ਵੱਜੋਂ ਤੁਹਾਡੇ ਹੱਕ

## ਮਰੀਜ਼ ਜਾਣਕਾਰੀ ਪਰਚਾ

Caring | Discovering | Growing | **Together**

| | |
|---|---|
| ਨਾਮ | |
| ਵਾਰਡ | |
| ਤੁਹਾਡੀ ਨਿਯਚ ਨਰਸ ਦਾ ਨਾਮ | |
| ਤੁਹਾਡੇ ਹਸਪਤਾਲ ਦੇ ਡਾਕਟਰ ਦਾ ਨਾਮ | |
| ਤੁਹਾਡੀ ਦੇਖਭਾਲ ਸੰਯੋਜਕ ਦਾ ਨਾਮ | |
| ਦਾਖਲ ਹੋਣ ਦੀ ਤਾਰੀਖ | |
| ਸਮਾਂ | |

ਤੁਹਾਨੂੰ ਹਸਪਤਾਲ ਵਿਚ ਇਸਲਈ ਦਾਖਲ ਕੀਤਾ ਗਿਆ ਹੈ ਕਿਉਂਕਿ ਤੁਸੀਂ ਤੁਹਾਡੀ ਦੇਖਭਾਲ ਕਰਨ ਵਾਲੇ ਸਿਹਤ ਦੇਖਭਾਲ ਦੇ ਪੇਸ਼ੇਵਰਾਂ ਨੂੰ ਸਹਿਮਤੀ ਦਿੱਤੀ ਹੈ (ਜਾਂ ਤੁਸੀਂ ਸਹਿਮਤੀ ਦੇਣ ਦੇ ਸਮਰੱਥ ਨਹੀਂ ਸੀ) ਕਿ ਤੁਸੀਂ ਹਸਪਤਾਲ ਵਿਚ ਦਾਖਲ ਹੋਣਾ ਚਾਹੁੰਦੇ ਹੋ ਤਾਂ ਜੋ ਤੁਹਾਡੀਆਂ ਦਿਮਾਗੀ ਸਿਹਤ ਦੀਆਂ ਜ਼ਰੂਰਤਾਂ ਦਾ ਪੂਰੀ ਤਰ੍ਹਾਂ ਨਾਲ ਮੁਲਾਂਕਣ ਕੀਤਾ ਜਾ ਸਕੇ ਅਤੇ ਤੁਹਾਨੂੰ ਤੁਹਾਡੇ ਲਈ ਜ਼ਰੂਰੀ ਇਲਾਜ ਦੀ ਪੇਸ਼ਕਸ਼ ਕੀਤੀ ਜਾ ਸਕੇ।

## ਮੈਂ ਦਾਖਲ ਹੋਣ ਤੇ ਕੀ ਆਸ ਕਰ ਸਕਦਾ/ਦੀ ਹਾਂ?

ਅਮਲਾ ਹਰ ਸਮੇਂ ਤੁਹਾਡੀ ਨਿੱਜਤਾ ਅਤੇ ਸਨਮਾਨ ਦਾ ਧਿਆਨ ਰੱਖੇਗਾ।

ਤੁਹਾਡੇ ਦਾਖਲੇ ਦੇ ਪਹਿਲੇ 24 ਘੰਟੇ ਦੇ ਦੌਰਾਨ ਤੁਹਾਡੇ ਲਈ ਇੱਕ ਵਾਰਡ ਡਾਕਟਰ/ਮਨੋਚਿਕਿਤਸਕ ਅਤੇ ਯੋਗਤਾ ਪ੍ਰਾਪਤ ਨਿਯਤ ਨਰਸ ਨਿਯੁਕਤ ਕੀਤੀ ਜਾਏਗੀ।
। ਤੁਹਾਡੀ ਆਗਿਆ ਦੇ ਨਾਲ, ਵਾਰਡ ਡਾਕਟਰ ਤੁਹਾਡੀ ਸਰੀਰਕ ਜਾਂਚ ਕਰੇਗਾ ਅਤੇ ਤੁਹਾਡੇ ਲਈ ਕਿਸੇ ਤਰ੍ਹਾਂ ਦੀਆਂ ਲੋੜੀਂਦੀਆਂ ਸਰੀਰਕ ਜਾਂਚਾਂ ਕਰੇਗਾ। ਇਹ ਇਸ ਗੱਲ ਨੂੰ ਯਕੀਨੀ ਬਣਾਉਣ ਲਈ ਹੈ ਕਿ ਜੇ ਤੁਹਾਡੀਆਂ ਸਰੀਰਕ ਸਿਹਤ ਨਾਲ ਸਬੰਧਤ ਜ਼ਰੂਰਤਾਂ ਹਨ, ਤਾਂ ਤੁਹਾਨੂੰ ਢੁੱਕਵੇਂ ਇਲਾਜ ਦੀ ਪੇਸ਼ਕਸ਼ ਕੀਤੀ ਜਾ ਸਕੇ। ਤੁਹਾਨੂੰ ਕਿਸੇ ਤਰ੍ਹਾਂ ਦੇ ਟੈਸਟਾਂ ਦੇ ਨਤੀਜਿਆਂ ਅਤੇ ਇਲਾਜ ਦੇ ਵਿਕਲਪਾਂ ਬਾਰੇ ਸੂਚਿਤ ਕੀਤਾ ਜਾਵੇਗਾ।

ਤੁਹਾਡੀ ਨਿਯਤ ਨਰਸ ਅਤੇ ਵਾਰਡ ਡਾਕਟਰ ਤੁਹਾਡੀ ਦਿਮਾਗੀ ਸਿਹਤ ਦੀਆਂ ਜ਼ਰੂਰਤਾਂ ਅਤੇ ਤੁਹਾਨੂੰ ਹੋ ਸਕਣ ਵਾਲੀਆਂ ਕਿਸੇ ਤਰ੍ਹਾਂ ਦੀਆਂ ਹੋਰ ਖਾਸ ਜ਼ਰੂਰਤਾਂ ਦਾ ਮੁਲਾਂਕਣ ਕਰਨ ਲਈ ਤੁਹਾਡੇ ਨਾਲ ਗੱਲ ਕਰੇਗਾ। ਉਹ ਤੁਹਾਡੇ ਦੇਖਭਾਲਕਰਤਾਵਾਂ ਜਾਂ ਰਿਸ਼ਤੇਦਾਰਾਂ ਨਾਲ ਗੱਲ ਕਰਨ ਦੀ ਇੱਛਾ ਕਰ ਸਕਦੇ ਹਨ ਅਤੇ ਇਸ ਬਾਰੇ ਤੁਹਾਡੇ ਨਾਲ ਚਰਚਾ ਕਰਨਗੇ। ਤੁਹਾਡੀ ਨਿਯਤ ਨਰਸ ਤੁਹਾਡੇ ਨਾਲ ਮਿਲ ਕੇ ਦੇਖਭਾਲ ਦੀ ਯੋਜਨਾ ਬਣਾਉਣ ਲਈ ਇਸ ਜਾਣਕਾਰੀ ਦੀ ਵਰਤੋਂ ਕਰੇਗੀ। ਤੁਹਾਡੀ ਦੇਖਭਾਲ ਯੋਜਨਾ ਤੁਹਾਡੇ ਹਸਤਪਾਲ ਵਿਚ ਰਹਿਣ ਦੇ ਦੌਰਾਨ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਦੇਖਭਾਲ ਦੇ ਪੈਕੇਜ਼ ਅਤੇ ਇਸਨੂੰ ਕੌਣ ਪ੍ਰਦਾਨ ਕਰੇਗਾ, ਦੇ ਬਾਰੇ ਦੱਸੇਗੀ।

ਜੇ ਤੁਹਾਡੇ ਕੋਲ ਭਾਈਚਾਰੇ ਦੇ ਵਿਚ ਦੇਖਭਾਲ ਸੰਯੋਜਕ ਹੈ ਤਾਂ ਉਹ ਦੇਖਭਾਲ ਦੀ ਯੋਜਨਾਬੰਦੀ ਦੀ ਪ੍ਰਕ੍ਰਿਆ ਦਾ ਹਿੱਸਾ ਹੋਣਗੇ ਅਤੇ ਤੁਹਾਨੂੰ ਮਿਲਣ ਵਾਰਡ ਵਿਚ ਆਉਣਗੇ।

ਤੁਹਾਨੂੰ ਵਾਰਡ ਦਾ ਇੱਕ ਕਿਤਾਬਚਾ ਦਿੱਤਾ ਜਾਵੇਗਾ ਜੋ ਤੁਹਾਨੂੰ ਉਨ੍ਹਾਂ ਚੀਜ਼ਾਂ ਵਿਚੋਂ ਬਹੁਤੀਆਂ ਬਾਰੇ ਦੱਸੇਗਾ ਜੋ ਤੁਹਾਨੂੰ ਵਾਰਡ ਦੇ ਬਾਰੇ ਪਤਾ ਹੋਣੀਆਂ ਚਾਹੀਦੀਆਂ ਹਨ ਜਿਵੇਂ ਕਿ ਮਿਲਣ ਆਉਣ ਦਾ ਸਮਾਂ, ਭੋਜਨ ਦਾ ਸਮਾਂ, ਅਤੇ ਉਹ ਚੀਜ਼ਾਂ ਜਿਨ੍ਹਾਂ ਦੀ ਤੁਹਾਨੂੰ ਵਾਰਡ ਵਿਚ ਲਿਆਉਣ ਦੀ ਆਗਿਆ ਨਹੀਂ ਹੈਜੇ ਕੋਈ ਅਜਿਹੀ ਗੱਲ ਹੈ ਜਿਸ ਬਾਰੇ ਤੁਹਾਨੂੰ ਪੂਰਾ ਪਤਾ ਨਹੀਂ ਹੈ ਜਾਂ ਜਿਸ ਬਾਰੇ ਤੁਹਾਨੂੰ ਚਿੰਤਾ ਹੈ, ਤਾਂ ਕਿਰਪਾ ਕਰਕੇ ਅਮਲੇ ਦੇ ਕਿਸੇ ਮੈਂਬਰ ਨਾਲ ਗੱਲ ਕਰੋ।

## ਮੈਂ ਹੋਰਾਂ ਨੂੰ ਕਿਵੇਂ ਦੱਸ ਸਕਦਾ/ਦੀ ਹਾਂ ਕਿ ਮੈਨੂੰ ਦਾਖਲ ਕੀਤਾ ਗਿਆ ਹੈ?

ਜੇ ਕੋਈ ਅਜਿਹਾ ਵਿਅਕਤੀ ਹੈ ਜਿਸਨੂੰ ਕਿ ਤੁਸੀਂ ਤੁਹਾਡੇ ਦਾਖਲ ਹੋਣ ਬਾਰੇ ਸੂਚਿਤ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਤੁਹਾਡੀ ਨਿਯਤ ਨਰਸ ਜਾਂ ਇੰਚਾਰਜ ਨਰਸ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਉਹਨਾਂ ਨਾਲ ਸੰਪਰਕ ਕਰਨ ਦਾ ਇੰਤਜਾਮ ਕਰ ਸਕਦੇ ਹਨ ਜਾਂ ਤੁਹਾਡੀ ਤਰਫ਼ੋਂ ਸੰਪਰਕ ਕਰ ਸਕਦੇ ਹਨ। ਤੁਹਾਡੀ ਦੇਖਭਾਲ ਵਿਚ ਲੱਗੇ ਹੋਰ ਪੇਸ਼ੇਵਰਾਂ ਨੂੰ ਵਾਰਡ ਦਾ ਅਮਲਾ ਸੂਚਿਤ ਕਰੇਗਾ ਕਿ ਤੁਹਾਨੂੰ ਦਾਖਲ ਕਰ ਲਿਆ ਗਿਆ ਹੈ।

## ਕੀ ਮੈਂ ਵਾਰਡ ਛੱਡ ਕੇ ਜਾ ਸਕਦਾ/ਦੀ ਹਾਂ?

ਇਕ ਗੈਰ-ਰਸਮੀ/ਸਵੈ-ਇਛੁੱਕ ਮਰੀਜ਼ ਦੇ ਤੌਰ ਤੇ ਤੁਹਾਡੇ ਕੋਲ ਕਿਸੇ ਵੀ ਸਮੇਂ ਵਾਰਡ ਨੂੰ ਛੱਡ ਕੇ ਜਾਣ ਦਾ ਅਧਿਕਾਰ ਹੈ, ਫਿਰ ਵੀ ਅਸੀਂ ਕਹਿੰਦੇ ਹਾਂ ਕਿ ਤੁਸੀਂ ਸ਼ੁਰੂਆਤੀ ਕੁਝ ਦਿਨਾਂ ਲਈ ਵਾਰਡ ਵਿਚ ਰਹੋ ਤਾਂ ਜੋ ਤੁਸੀਂ ਅਤੇ ਅਮਲਾ ਇਕ ਦੂਜੇ ਨੂੰ ਜਾਣ ਸਕੋ। ਕਿਰਪਾ ਕਰਕੇ ਨੋਟ ਕਰੋ ਕਿ ਸੁਰੱਖਿਆ ਦੇ ਮਕਸਦ ਲਈ ਵਾਰਡ ਦੇ ਸਾਰੇ ਬਾਹਰੀ ਦਰਵਾਜ਼ੇ ਤਾਲਾਬੰਦ ਹੁੰਦੇ ਹਨ।

ਜੇ ਤੁਸੀਂ ਇਕ ਦਿਨ ਦੀ ਛੁੱਟੀ ਜਾਂ ਰਾਤ ਭਰ ਦੀ ਛੁੱਟੀ ਚਾਹੁੰਦੇ ਹੋ, ਤਾਂ ਤੁਸੀਂ ਇਸ ਬਾਰੇ ਆਪਣੇ ਡਾਕਟਰ ਜਾਂ ਨਿਯਤ ਨਰਸ ਨਾਲ ਚਰਚਾ ਕਰ ਸਕਦੇ ਹੋ ਕਿਉਂਕਿ ਇਹ ਤੁਹਾਡੇ, ਵਾਰਡ ਦੇ ਅਮਲੇ ਅਤੇ ਤੁਹਾਡੇ ਦੇਖਭਾਲ ਕਰਤਾ (ਜਿੱਥੇ ਲਾਗੂ ਹੋਏ) ਵਿਚਕਾਰ ਕੀਤਾ ਜਾਣ ਵਾਲਾ ਪ੍ਰਬੰਧ ਹੁੰਦਾ ਹੈ।
ਕਿਰਪਾ ਕਰਕੇ ਨੋਟ ਕਰੋ ਕਿ ਤੁਹਾਡੀ ਦੇਖਭਾਲ ਕਰਨਾ ਅਮਲੇ ਦੀ ਜ਼ਿੰਮੇਵਾਰੀ ਹੈ ਅਤੇ ਇੰਚਾਰਜ ਨਰਸ ਨੂੰ ਹਰ ਸਮੇਂ ਇਹ ਪਤਾ ਹੋਣ ਦੀ ਆਸ ਕੀਤੀ ਜਾਂਦੀ ਹੈ ਕਿ ਤੁਸੀਂ ਕਿੱਥੇ ਹੋ। ਅਮਲੇ ਲਈ ਇਹ ਵੀ ਜ਼ਰੂਰੀ ਹੈ ਕਿ ਤੁਹਾਡੇ ਦੁਆਰਾ ਵਾਰਡ ਤੋਂ ਜਾਣ ਤੋਂ ਪਹਿਲਾਂ ਉਹ ਤੁਹਾਡਾ ਮੁਲਾਂਕਣ ਕਰੇ। ਜੇ ਉਨ੍ਹਾਂ ਨੂੰ ਤੁਹਾਡੇ ਦੁਆਰਾ ਵਾਰਡ ਤੋਂ ਜਾਣ ਸਬੰਧੀ ਚਿੰਤਾਵਾਂ ਹਨ ਤਾਂ ਉਨ੍ਹਾਂ ਨੂੰ ਹੋਰ ਮੁਲਾਂਕਣਾਂ ਦੇ ਲਈ ਪ੍ਰਬੰਧ ਕਰਨਾ ਚਾਹੀਦਾ ਹੈ। ਇਸ ਮੁਲਾਂਕਣ ਦੇ ਨਤੀਜੇ ਬਾਰੇ ਤੁਹਾਡੇ ਨਾਲ (ਅਤੇ ਜਿੱਥੇ ਢੁੱਕਵਾਂ ਹੋਏਗਾ ਤੁਹਾਡੇ ਦੇਖਭਾਲਕਰਤਾ ਨਾਲ) ਚਰਚਾ ਕੀਤੀ ਜਾਵੇਗੀ ਅਤੇ ਹੋ ਸਕਦਾ ਹੈ ਇਸਦੇ ਨਤੀਜਤਨ ਤੁਹਾਨੂੰ ਵਾਰਡ ਛੱਡਣ ਦੀ ਆਗਿਆ ਨਾ ਦਿੱਤੀ ਜਾਵੇ।
ਜੇ ਤੁਸੀਂ ਬਿਨਾਂ ਆਗਿਆ ਦੇ ਵਾਰਡ ਨੂੰ ਛੱਡ ਕੇ ਜਾਂਦੇ ਹੋ ਤਾਂ ਪੁਲਿਸ ਨੂੰ ਤੁਹਾਨੂੰ ਲੱਭਣ ਅਤੇ ਵਾਪਸ ਵਾਰਡ ਵਿਚ ਛੱਡ ਕੇ ਜਾਣ ਲਈ ਕਿਹਾ ਜਾ ਸਕਦਾ ਹੈ।

## ਮੈਨੂੰ ਕਿਹੜੇ ਇਲਾਜ ਦੀ ਪੇਸ਼ਕਸ਼ ਕੀਤੀ ਜਾਵੇਗੀ?

ਤੁਹਾਨੂੰ ਪੇਸ਼ਕਸ਼ ਕੀਤਾ ਜਾਣ ਵਾਲਾ ਇਲਾਜ ਤੁਹਾਡੀਆਂ ਵਿਅਕਤੀਗਤ ਜ਼ਰੂਰਤਾਂ ਉੱਪਰ ਨਿਰਭਰ ਕਰੇਗਾ। ਤੁਸੀਂ ਤੁਹਾਡੀ ਨਿਯਤ ਨਰਸ ਅਤੇ ਡਾਕਟਰ ਦੇ ਨਾਲ ਤੁਹਾਡੇ ਦੁਆਰਾ ਪ੍ਰਾਪਤ ਕੀਤੇ ਜਾਣ ਵਾਲੇ ਇਲਾਜ ਬਾਰੇ ਨਿਰਣਾ ਕਰਨ ਦੀ ਪ੍ਰਕ੍ਰਿਆ ਵਿਚ ਸ਼ਾਮਲ ਹੋਵੋਗੇ। ਇਸ ਦੇ ਵਿਚ ਚਿਕਿਤਸਾਤਮਕ ਸਮੂਹਿਕ ਕਾਰਜ, ਵਿਅਕਤੀਗਤ ਕਾਰਜ ਜਾਂ ਦਵਾਈਆਂ ਲੈਣਾ ਸ਼ਾਮਲ ਹੋ ਸਕਦਾ ਹੈ। ਇਕ ਗੈਰ-ਰਸਮੀ ਮਰੀਜ਼ ਦੇ ਤੌਰ ਤੇ, ਤੁਹਾਨੂੰ ਕੋਈ ਵੀ ਇਲਾਜ ਦਿੱਤੇ ਜਾਣ ਤੋਂ ਪਹਿਲਾਂ ਤੁਹਾਡੀ ਸਹਿਮਤੀ ਦੀ ਜ਼ਰੂਰਤ ਹੁੰਦੀ ਹੈ।

## ਕੀ ਮੈਂ ਖੁਦ ਨੂੰ ਛੁੱਟੀ ਦੇ ਸਕਦਾ/ਦੀ ਹਾਂ?

ਤੁਸੀਂ ਕਿਸੇ ਵੀ ਸਮੇਂ ਖੁਦ ਨੂੰ ਹਸਪਤਾਲ ਤੋਂ ਛੁੱਟੀ ਦੇ ਸਕਦੇ ਹੋ ਵੈਸੇ ਅਸੀਂ ਇਹ ਜ਼ੋਰਦਾਰ ਸਿਫ਼ਾਰਸ਼ ਕਰਦੇ ਹਾਂ ਕਿ ਤੁਸੀਂ ਛੁੱਟੀ ਦਾ ਨਿਰਣਾ ਕਰਨ ਤੋਂ ਪਹਿਲਾਂ ਤੁਹਾਡੀ ਨਿਯਤ ਨਰਸ ਜਾਂ ਡਾਕਟਰ ਦੇ ਨਾਲ ਗੱਲ ਕਰੋ। ਅਜਿਹਾ ਇਹ ਯਕੀਨੀ ਬਣਾਉਣ ਲਈ ਹੈ ਕਿ ਤੁਸੀਂ ਤੁਹਾਨੂੰ ਲੋੜੀਂਦਾ ਹੋ ਸਕਣ ਵਾਲਾ ਇਲਾਜ ਕਰਵਾ ਲਿਆ ਹੈ ਅਤੇ ਇਹ ਤੁਹਾਨੂੰ ਜ਼ਰੂਰੀ ਹੋ ਸਕਣ ਵਾਲੀ ਕਿਸੇ ਤਰ੍ਹਾਂ ਦੀ ਦੇਖਭਾਲ ਦਾ ਪ੍ਰਬੰਧ ਕਰਨ ਲਈ ਅਮਲੇ ਨੂੰ ਸਮਰੱਥ ਕਰਦਾ ਹੈ।

ਕਿਰਪਾ ਕਰਕੇ ਯਾਦ ਰੱਖੋ ਕਿ ਤੁਹਾਡੀ ਦੇਖਭਾਲ ਕਰਨਾ ਅਮਲੇ ਦਾ ਕਰਤੱਵ ਹੈ ਅਤੇ ਤੁਹਾਨੂੰ ਛੁੱਟੀ ਦੇਣ ਲਈ ਸਹਿਮਤ ਹੋਣ ਤੋਂ ਪਹਿਲਾਂ ਤੁਹਾਡਾ ਮੁਲਾਂਕਣ ਕਰਨਾ ਉਨ੍ਹਾਂ ਲਈ ਜ਼ਰੂਰੀ ਹੈ। ਜੇ ਉਨ੍ਹਾਂ ਨੂੰ ਤੁਹਾਡੇ ਦੁਆਰਾ ਖੁਦ ਨੂੰ ਛੁੱਟੀ ਦਵਾਉਣ ਨਾਲ ਸਬੰਧਤ ਚਿੰਤਾਵਾਂ ਹਨ, ਤਾਂ ਉਨ੍ਹਾਂ ਨੂੰ ਹੋਰ ਮੁਲਾਂਕਣ ਕਰਨਾ ਚਾਹੀਦਾ ਹੈ। ਇਸ ਮੁਲਾਂਕਣ ਦੇ ਨਤੀਜੇ ਬਾਰੇ ਤੁਹਾਡੇ ਨਾਲ (ਅਤੇ ਜਿੱਥੇ ਢੁੱਕਵਾਂ ਹੋਏਗਾ ਤੁਹਾਡੇ ਦੇਖਭਾਲਕਰਤਾ ਨਾਲ) ਚਰਚਾ ਕੀਤੀ ਜਾਵੇਗੀ ਅਤੇ ਹੋ ਸਕਦਾ ਹੈ ਇਸਦੇ ਨਤੀਜਤਨ ਤੁਹਾਨੂੰ ਵਾਰਡ ਛੱਡਣ ਦੀ ਆਗਿਆ ਨਾ ਦਿੱਤੀ ਜਾਵੇ।

ਜੇ ਤੁਸੀਂ ਡਾਕਟਰ ਜਾਂ ਨਰਸ ਦੀ ਸਲਾਹ ਦੇ ਵਿਰੁੱਧ ਖੁਦ ਨੂੰ ਛੁੱਟੀ ਦਵਾਉਣ ਦੀ ਇੱਛਾ ਰੱਖਦੇ ਹੋ, ਤਾਂ ਤੁਹਾਨੂੰ ਜਾਣ ਤੋਂ ਪਹਿਲਾਂ 'ਚਿਕਿਤਸਕ ਸਲਾਹ ਦੇ ਵਿਰੁੱਧ ਛੁੱਟੀ' ਦੇ ਫਾਰਮ ਉੱਪਰ ਦਸਤਖਤ ਕਰਨ ਲਈ ਕਿਹਾ ਜਾ ਸਕਦਾ ਹੈ।

## ਸਿਗਰਟਨੋਸ਼ੀ

2016 ਤੋਂ ਬਾਅਦ ਤੋਂ ਨਾ ਤਾਂ ਤੁਹਾਨੂੰ ਅਤੇ ਨਾ ਹੀ ਤੁਹਾਨੂੰ ਮਿਲਣ ਆਉਣ ਵਾਲਿਆਂ ਨੂੰ ਤੁਹਾਡੇ ਵਾਰਡ ਵਿਚ ਜਾਂ ਹਸਪਤਾਲ ਦੀਆਂ ਜ਼ਮੀਨਾਂ ਤੇ ਬਣੀ ਕਿਸੇ ਹੋਰ ਇਮਾਰਤ ਵਿਚ ਹੋਣ ਸਮੇਂ ਦੌਰਾਨ ਸਿਗਰਟਨੋਸ਼ੀ ਕਰਨ ਦੀ ਆਗਿਆ ਨਹੀਂ ਹੈ।

ਟਰੱਸਟ ਨਿਕੋਟੀਨ ਦੇ ਬਦਲ ਦੀਆਂ ਚਿਕਿਤਸਾਵਾਂ ਸਬੰਧੀ ਸਹਾਇਤਾ, ਇਨ੍ਹਾਂ ਬਾਰੇ ਸਲਾਹ, ਇਨ੍ਹਾਂ ਤੱਕ ਪਹੁੰਚ ਪ੍ਰਦਾਨ ਕਰਕੇ ਸਿਗਰਟਨੋਸ਼ੀ ਛੱਡਣ ਨੂੰ ਉਤਸ਼ਾਹਤ ਕਰਦਾ ਹੈ ਅਤੇ ਇਸਦਾ ਸਮਰਥਨ ਕਰਦਾ ਹੈ। ਇਨ੍ਹਾਂ ਤੱਕ ਪਹੁੰਚ ਪ੍ਰਾਪਤ ਕਰਨ ਲਈ ਕਿਰਪਾ ਕਰਕੇ ਤੁਹਾਡੀ ਨਿਯਤ ਨਰਸ ਨਾਲ ਗੱਲ ਕਰੋ।

## ਤਲਾਸ਼ੀਆਂ

ਚਿਕਿਤਸਕ ਜ਼ਰੂਰਤਾਂ ਦੇ ਆਧਾਰ ਤੇ ਅਮਲਾ ਮਰੀਜ਼ਾਂ ਦੇ ਲਈ ਵਿਅਕਤੀਗਤ ਅਤੇ ਸੰਪਤੀ ਦੀਆਂ ਤਲਾਸ਼ੀਆਂ ਲੈ ਸਕਦਾ ਹੈ। ਜੇ ਇਹ ਤਲਾਸ਼ੀ ਸ਼ਰਾਬ ਜਾਂ ਗੈਰ ਕਾਨੂੰਨੀ ਦਵਾਈਆਂ ਦੇ ਸਬੰਧ ਵਿਚ ਹੋਵੇ ਤਾਂ ਸੁੰਘਣ ਵਾਲੇ ਕੁੱਤਿਆਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਅਮਲਾ ਤੁਹਾਨੂੰ ਨਸ਼ੀਲੇ ਪਦਾਰਥਾਂ ਨੂੰ ਲੱਭਣ ਵਾਲੇ ਕੁੱਤੇ ਦੇ ਬਾਰੇ ਪਰਚਾ ਮੁਹੱਈਆ ਕਰਵਾ ਸਕਦਾ ਹੈ।

## ਉਹ ਲੋਕ ਜੋ ਤੁਹਾਡੀ ਮਦਦ ਕਰ ਸਕਦੇ ਹਨ

- **ਵਕੀਲ**
  ਵਕੀਲ ਇਕ ਅਜਿਹਾ ਵਿਅਕਤੀ ਹੁੰਦਾ ਹੈ ਜੋ ਤੁਹਾਡੇ ਗੈਰ-ਰਸਮੀ/ਸਵੈ-ਇਛੁੱਕ ਮਰੀਜ਼ ਹੋਣ ਦੇ ਸਮੇਂ ਤੁਹਾਡੀ ਤਰਫ਼ੋਂ ਨਿਰਣੇ ਲੈਣ ਵਿਚ ਤੁਹਾਡੀ ਮਦਦ ਲਈ ਕਾਰਵਾਈ ਕਰਦਾ ਹੈ।

  ਤੁਸੀਂ ਇਕ ਵਕੀਲ ਪ੍ਰਾਪਤ ਕਰਨ ਦੇ ਸਮਰੱਥ ਹੋ ਸਕਦੇ ਹੋ, ਉਨ੍ਹਾਂ ਸੇਵਾਵਾਂ ਨਾਲ ਸੰਪਰਕ ਕਰੋ ਜੋ ਉਸ ਖੇਤਰ ਨੂੰ ਸ਼ਾਮਲ ਕਰਦੀਆਂ ਹਨ ਜਿੱਥੇ ਤੁਸੀਂ ਰਹਿੰਦੇ ਹੋ।

- **ਗੇਟਸ਼ੀਡ (Gateshead)**
  ਐਡਵੋਕੇਸੀ ਸੈਂਟਰ ਨੌਰਥ (Advocacy Centre North) ਟੈਲੀ: 0191 235 7013
  www.advocacycentrenorth.org.uk
- **ਨੌਰਥ ਟਾਇਨਸਾਇਡ (North Tyneside)**
  ਇੰਡੀਪੈਂਡੈਂਟ ਐਡਵੋਕੇਸੀ (Independent Advocacy) ਟੈਲੀ: 0191 259 6662
  www.iant.org.uk
- **ਨੌਰਥੰਬਰਲੈਂਡ (Northumberland)**
  ਅਡੈਪਟ (ਨਾਰਥ ਈਸਟ) (Adapt, North East) ਟੈਲੀ: 01434 600 599
  www.adapt-ne.org.uk
- **ਸਾਊਥ ਟਾਇਨਸਾਇਡ (South Tyneside) ਅਤੇ ਨਿਊਕਾਸਲ (Newcastle)**
  ਯੂਅਰ ਵੋਇਸ ਕਾਊਂਟਸ (Your Voice Counts) ਟੈਲੀ: 0191 478 6472
  www.yvc.org.uk
- **ਸੁੰਡਰਲੈਂਡ (Sunderland)**
  ਟੋਟਲ ਵੋਇਸ ਸੁੰਡਰਲੈਂਡ (Total Voice Sunderland) ਟੈਲੀ: 0191 543 7890
  www.totalvoicesunderland.org
- **ਕੋਰਮ** ਵੋਇਸ **(Coram Voice) - ਨੌਜਵਾਨਾਂ ਲਈ**
  ਕੋਰਮ ਵੋਇਸ (Coram Voice) ਟੈਲੀ: 0808 800 5792
  www.coramvoice.org.uk
- **ਪੇਸ਼ੈਂਟ ਅਡਵਾਇਸ ਐਂਡ ਲਾਇਜ਼ਨ ਸਰਵਿਸ (ਪੀ ਏ ਐਲ ਐਸ) (Patient Advice and Liaison Service, PALS)**
  ਪੇਸ਼ੈਂਟ ਅਡਵਾਇਸ ਐਂਡ ਲਾਇਜ਼ਨ ਸਰਵਿਸ ਇਕ ਗੁਪਤ ਐਨ ਐਚ ਐਸ (NHS) ਸੇਵਾ ਹੈ ਜੋ ਸਾਰੀਆਂ ਐਨ ਐਸ ਐਚ (NHS) ਸੇਵਾਵਾਂ ਦੇ ਬਾਰੇ ਜਾਣਕਾਰੀ ਅਤੇ ਸਲਾਹ ਪ੍ਰਦਾਨ ਕਰਨ ਲਈ ਸੁਤੰਤਰ ਤੌਰ ਤੇ ਕੰਮ ਕਰਦੀ ਹੈ ਅਤੇ ਕਿਸੇ ਵੀ ਤਰ੍ਹਾਂ ਦੀਆਂ ਸਮੱਸਿਆਵਾਂ ਜੋ ਤੁਹਾਨੂੰ ਹੋ ਸਕਦੀਆਂ ਹਨ, ਨੂੰ ਤੁਰੰਤ ਹੱਲ ਕਰਨ ਲਈ ਮਦਦ ਕਰਦੀ ਹੈ।

ਟਰੱਸਟ ਦੇ ਬਹੁਤੇ ਖੇਤਰਾਂ ਵਿਚ ਪੀ ਏ ਐਲ ਐਸ (PALS) ਦੇ ਅਧਿਕਾਰ ਹਨ। ਪੀ ਏ ਐਲ ਐਸ (PALS) ਦੇ ਅਧਿਕਾਰੀਆਂ ਨੂੰ ਹੇਠ ਲਿਖੇ ਤਰੀਕੇ ਨਾਲ ਸੰਪਰਕ ਕੀਤਾ ਜਾ ਸਕਦਾ ਹੈ:

- **ਟਾਇਨ ਦੇ ਦੱਖਣ ਵਿਚ (South of Tyne):** 0800 328 4397 ਜਾਂ 0191 566 7074 (ਸੁੰਡਰਲੈਂਡ/ਸਾਊਥ ਟਾਇਨਸਾਇਡ) ਜਾਂ 0191 441 6616 (ਗੇਟਸ਼ੀਡ) (ਸੋਮ-ਸ਼ੁੱਕਰ ਸਵੇਰੇ 9 - ਸ਼ਾਮ 5)
- **ਟਾਇਨ ਦੇ ਉੱਤਰ ਵਿਚ (North of Tyne):** 0800 032 0202 (ਸੋਮ-ਸ਼ੁੱਕਰ ਸਵੇਰੇ 9 - ਸ਼ਾਮ 4.30)

ਤੁਸੀਂ ਇਸ ਪਤੇ ਤੇ ਪੀ ਏ ਐਲ ਐਸ (PALS) ਨੂੰ ਪੱਤਰ ਵੀ ਲਿਖ ਸਕਦੇ ਹੋ:

**ਸੁੰਡਰਲੈਂਡ/ਸਾਊਥ ਟਾਇਨਸਾਇਡ**
**(Sunderland/South Tyneside)**
ਗਾਰਡਨ ਲੱਜ (Garden Lodge)
ਹੋਪਵੁੱਡ ਪਾਰਕ (Hopewood Park)
ਵਾਟਰਵਰਕਸ ਰੋਡ (Waterworks Road)
ਰਇਹੋਪ (Ryhope)
ਸੁੰਡਰਲੈਂਡ (Sunderland), SR2 0NB

**ਗੇਟਸ਼ੀਡ (Gateshead)**
ਟ੍ਰਾਂਨਵੈੱਲ ਯੂਨਿਟ (Tranwell Unit)
ਕੁਇਨ ਐਲਿਜ਼ਾਬੈੱਥ ਹਾਸਪੀਟਲ (Queen Elizabeth Hospital)
ਵਿੰਡੀ ਨੂਕ ਰੋਡ (Windy Nook Road)
ਗੇਟਸ਼ੀਡ (Gateshead), NE10 9RW

ਉੱਤਰੀ ਟਾਇਨ ਖੇਤਰ **(North of Tyne areas)**
ਉੱਤਰੀ ਟਾਇਨ ਪੀ ਏ ਐਲ ਐਸ (North of Tyne PALS)
ਸਾਨੂੰ ਇੱਥੇ ਟੈਕਸਟ ਭੇਜੋ: 01670 511 098
ਸਾਨੂੰ ਇੱਥੇ ਈਮੇਲ ਭੇਜੋ: northoftynepals@nhct.nhs.uk

ਜਾਂ ਅਮਲੇ ਦੇ ਕਿਸੇ ਮੈਂਬਰ ਨੂੰ ਤੁਹਾਡੀ ਤਰਫ਼ੋਂ ਪੀ ਏ ਐਲ ਐਸ (PALS) ਅਫ਼ਸਰ ਨਾਲ ਸੰਪਰਕ ਕਰਨ ਲਈ ਕਹੋ।

## ਹਵਾਲਾ

NTW(C)55pgn - MHA-PGN-04 – ਗੈਰ-ਰਸਮੀ/ਸਵੈ-ਇਛੁੱਕ ਮਰੀਜ਼ ਦੇ ਹੱਕ - ਸੰਸ04 – ਅਕਤੂ 17

Health & care information you can trust

The Information Standard Certified Member

ਜਾਣਕਾਰੀ, ਹਵਾਲਾ ਸਰੋਤਾਂ ਜਾਂ ਇਸ ਪਰਚੇ ਨੂੰ ਤਿਆਰ ਕਰਨ ਨਾਲ ਸਬੰਧਤ ਹੋਰ ਜਾਣਕਾਰੀ ਪੇਸ਼ੈਂਟ ਇਨਫਰਮੇਸ਼ਨ ਸੈਂਟਰ (Patient Information Centre) ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ। ਜੇ ਤੁਸੀਂ ਸਾਨੂੰ ਇਸ ਬਾਰੇ ਦੱਸਣਾ ਚਾਹੁੰਦੇ ਹੋ ਕਿ ਤੁਸੀਂ ਪਰਚੇ ਬਾਰੇ ਕੀ ਸੋਚਦੇ ਹੋ ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ।

ਇਸ ਜਾਣਕਾਰੀ ਨੂੰ ਬੇਨਤੀ ਕਰਨ ਤੇ ਕਈ ਰੂਪਾਂ (ਜਿਵੇਂ ਕਿ ਬ੍ਰੇਲ, ਆਡਿਓ, ਮੋਟੀ ਛਪਾਈ, ਆਸਾਨੀ ਨਾਲ ਪੜ੍ਹਨਯੋਗ, ਬੀ ਐਸ ਐਲ (BSL) ਜਾਂ ਹੋਰ ਭਾਸ਼ਾਵਾਂ ਵਿਚ) ਵਿਚ ਉਪਲਬੱਧ ਕਰਵਾਇਆ ਜਾ ਸਕਦਾ ਹੈ। ਕਿਰਪਾ ਕਰਕੇ ਪੇਸ਼ੈਂਟ ਇਨਫਰਮੇਸ਼ਨ ਸੈਂਟਰ ਨਾਲ ਸੰਪਰਕ ਕਰੋ ਟੈਲੀ: 0191 246 7288

ਪੇਸ਼ੈਂਟ ਇਨਫਾਰਮੇਸ਼ਨ ਸੈਂਟਰ ਦੁਆਰਾ ਪ੍ਰਕਾਸ਼ਿਤ

2018 ਕਾਪੀਰਾਇਟ, ਨਾਰਥੰਬਰਲੈਂਡ, ਟਾਇਨ ਅਤੇ ਵੀਅਰ ਐਨ ਐਚ ਐਸ (NHS) ਫਾਊਂਡੇਸ਼ਨ ਟਰੱਸਟ

ਹਵਾਲਾ, PIC/361/1118 ਨਵੰਬਰ 2018 ਸੰਸ6

www.ntw.nhs.uk    ਟੈਲੀ: 0191 246 7288

ਸਮੀਖਿਆ ਦੀ ਤਾਰੀਖ 2021

@ntwnhs

NTWNHS